29

# ਸਲੀਬ ਦੀਆਂ ਵੱਡੀਆਂ ਗੱਲਾਂ, 2

## 2 ਕੁਰਿੰਥੀਆਂ 5:17-21

*''... ਪ੍ਰਮੇਸ਼ਵਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਵਚਨ ਸਾਨੂੰ ਸੌਂਪ ਦਿੱਤਾ'' (2 ਕੁਰਿੰਥੀਆਂ 5: 19)।*

### ''ਮੇਲ''

ਮੁਕਤੀ ਬਦਲ ਕੇ ਹਾਰੀ ਸੀ ਅਤੇ ਹੈ। ਬਦਲ ਦਾ ਮੁੱਦਾ ਮਿਲਾਪ ਹੈ। ਆਓ ਆਪਣੇ ਮਨ ਵਿੱਚੋਂ ਮਿਲਾਪ ਬਾਰੇ ਹਰ ਤਰ੍ਹਾਂ ਕੇ ਮੁਤੱਅਸਬ ਅਤੇ ਪਹਿਲਾਂ ਤੋਂ ਸੋਚੇ ਗਏ ਖਿਆਲ ਨੂੰ ਕੱਢ ਦਈਏ ਤਾਂ ਜੋ ਇਸ ਪ੍ਰਕ੍ਰਿਆ ਵਿੱਚੋਂ ਦੀ ਲੰਘਦਿਆਂ ਅਸੀਂ ਇਕ ਨਵੀਂ ਸ਼ੁਰੂਆਤ ਕਰ ਸਕੀਏ। ਇਹਦੀ ਅਹਿਮੀਅਤ ਦੇ ਕਾਰਣ, ਇਕ ਗੱਲ ਨੂੰ ਯਕੀਨੀ ਬਣਾਈਏ ਕਿ ਅਸੀਂ ਇਹਨੂੰ ਸਹੀ ਸਮਝਣਾ ਹੈ।

ਅੱਜ ਮਾਫ਼ੀ ''ਚਲਨ 'ਚ'' ਹੈ। ਬੱਚਿਆਂ ਨੂੰ ਬਿਨਾ ਵਿਚਾਰੇ, ਗਹਿਰਾਈ ਦੇ, ਤੌਬਾ ਕਰਨ ਜਾਂ ਅਫ਼ਸੋਸ ਕੀਤੇ ''ਆਈ ਐਮ ਸੌਰੀ'' ਕਹਿਣਾ ਸਿਖਾਇਆ ਜਾਂਦਾ ਹੈ। ਖੇਦ ''ਚਲਨ 'ਚ'' ਹੈ; ਜ਼ਿੰਮੇਵਾਰੀ ਨੂੰ ''ਕੱਢ'' ਦਿੱਤਾ ਗਿਆ ਹੈ। ਵਚਨ ਦਿਲੋਂ ਤੌਬਾ ਦੀ ਗੱਲ ਸਿਖਾਉਂਦਾ ਹੈ। ਵਚਨ ਵਿਚ ''ਖੇਦ ਕਰਨਾ'' ਮਿਲਦਾ ਹੀ ਨਹੀਂ ਹੈ।

ਦੋ ਜਣਿਆਂ ਦੀ ਕਲਪਨਾ ਕਰੋ ਜੋ ਗੂੜ੍ਹੇ ਮਿੱਤਰ ਹਨ, ਅਤੇ ਫਿਰ ਉਨ੍ਹਾਂ ਦੇ ਸਬੰਧ ਟੁੱਟਣ ਦੀ ਕਲਪਨਾ ਕਰੋ। ਉਨ੍ਹਾਂ ਦੇ ਲਈ ਮਿਲਾਪ ਦਾ ਮਤਲਬ, ਪਹਿਲਾਂ ਵਾਂਗ ਸਬੰਧ ਬਹਾਲ ਕਰਨਾ ਹੋਣਾ ਹੈ। ਮਿਲਾਪ ਨਾਲ ਗੁਆਚਿਆ ਹੋਇਆ ਲੱਭ ਜਾਂਦਾ ਹੈ, ਮਰਿਆ ਹੋਇਆ ਜ਼ਿੰਦਾ ਹੋ ਜਾਂਦਾ ਹੈ, ਅਤੇ ਪਾਪ ਮਾਫ਼ ਕੀਤਾ ਜਾਂਦਾ ਹੈ। ਇਹ ਕਿਵੇਂ ਹੋ ਸਕਦਾ ਹੈ? ਪਹਿਲਾਂ ਤਾਂ ਨਰਾਜ਼ ਵਿਅਕਤੀ ਹੋਰ ਕਿਸੇ ਨਾਲੋਂ ਵੱਧ ਇਸ ਬਹਾਲੀ ਦੀ ਇੱਛਾ ਹੋਣੀ ਜ਼ਰੂਰੀ ਹੈ। ਦੂਜਾ, ਕਸੂਰਵਾਰ ਲਈ ਵੀ ਬਹਾਲੀ ਨੂੰ ਸਭ ਤੋਂ ਵੱਧ ਪਾਉਣ ਦਾ ਚਾਹਵਾਨ ਹੋਣਾ ਜ਼ਰੂਰੀ ਹੈ। ਅੱਜ ਦਾ ਸਮਾਜ ਜ਼ਿੰਮੇਵਾਰੀ ਤੋਂ ਅਜ਼ਾਦ ਹੋਣਾ ਚਾਹੁੰਦਾ ਹੈ। ਬਹਾਲੀ ਲਈ ਨਰਾਜ਼ ਅਤੇ ਕਸੂਰਵਾਰ *ਦੋਹਾਂ ਦਾ ਕੋਈ* ਵੀ ਕੀਮਤ ਦੇਣ ਲਈ ਤਿਆਰ ਹੋਣਾ ਜ਼ਰੂਰੀ ਹੈ। ਸਾਨੂੰ ਇਹ ਸੱਚਾਈ ਨੂੰ ਸਮਝਣਾ ਜ਼ਰੂਰੀ ਹੈ।

ਮਾਫ਼ੀ ਦਾ ਮਤਲਬ ਵੱਖਰਿਆਂ ਰਹਿ ਕੇ ਤਰਕ ਬੰਦ ਕਰਨਾ ਨਹੀਂ ਹੈ। ਮਿਲਾਪ ਦਾ ਮਤਲਬ ''ਸ਼ੀਤ ਯੁੱਧ'' ਨਹੀਂ ਹੈ। ਬਹੁਤੇ ਪਾਪੀ ਬਿਨਾਂ ਮਿਲਾਪ ਦੇ ਮਾਫ਼ੀ ਚਾਹੁੰਦੇ ਹਨ। ਉਹ ਜ਼ਿੰਮੇਵਾਰੀ ਤੋਂ ਅਜ਼ਾਦ ਹੋਣਾ ਚਾਹੁੰਦੇ ਹਨ ਪਰ ਬਹਾਲ ਨਹੀਂ ਹੋਣਾ ਚਾਹੁੰਦੇ। ਮਾਫ਼ ਕੀਤੇ ਜਾਣ ਤੋਂ ਭਾਵ ਹੈ ਕਿ ਅਸੀਂ ਮਿਲਾਏ ਜਾ ਸਕਦੇ ਹਾਂ।

ਇਕ ਅਰਥ ਵਿਚ, ਕਸੂਰਵਾਰ ਨਰਾਜ਼ ਆਦਮੀ ਦੇ ਰਹਿਮ 'ਤੇ ਹੈ। ਸਾਡਾ ਵਚਨ ਪਾਠ ਸਾਨੂੰ ਦੱਸਦਾ ਹੈ ਖ਼ੁਦਾ ਨੇ ਸਾਨੂੰ ਆਪਣੇ ਨਾਲ ਮਸੀਹ ਵਿਚ ਮਿਲਾਇਆ ਹੈ। ਖ਼ੁਦਾ ਨੇ ਸੰਸਾਰ ਨੂੰ ਆਪਣੇ ਨਾਲ ਮਿਲਾਇਆ, ਖ਼ੁਦਾ ਨੇ ਆਪਣੇ ਆਪ ਨੂੰ ਸੰਸਾਰ ਨਾਲ ਨਹੀਂ ਮਿਲਾਇਆ। ਪਹਿਲਾਂ ਕੌਣ ਲਿਫਿਆ? ਖ਼ੁਦਾ ਹੀ ਲਿਫ਼ਿਆ! ਯਿਸੂ ਮੇਰੇ ਤੌਬਾ ਕਰਨ ਤੋਂ ਪਹਿਲਾਂ ਮੇਰੇ ਲਈ ਮਰਿਆ। ਖ਼ੁਦਾ ਨੇ ਮੇਰੇ ਪੈਦਾ ਹੋਣ ਤੋਂ ਪਹਿਲਾਂ ਮੇਰੇ ਲਈ ਮਾਫ਼ੀ ਮੁਹੱਈਆ ਕਰਵਾਈ (ਇੰਜੀਲ ਰਾਹੀਂ)! ਖ਼ੁਦਾ ਚਾਹੁੰਦਾ ਹੈ ਕਿ ਪਾਪੀ ਵਾਪਸ ਆ ਜਾਣ! ਪਰ ਪਾਪੀਆਂ ਨੂੰ ਵੀ ਵਾਪਸ ਆਉਣ ਦੀ ਖ਼ਾਹਿਸ਼ ਹੋਣੀ ਜ਼ਰੂਰੀ ਹੈ। ਜੇ ਖ਼ੁਦਾ ਕੁਝ ਨਾ ਕਰੇ ਤਾਂ ਮਨੁੱਖ ਹਮੇਸ਼ਾ ਲਈ ਗੁਆਚਿਆ ਹੋਇਆ ਹੈ। ਅਸੀਂ ਉਸਦੇ ਵੈਰੀ ਹਾਂ, ਪਰ ਸਾਨੂੰ ਮਿਲਾਇਆ ਜਾ ਸਕਦਾ ਹੈ! ਪਰ ਕੌਣ ਲਿਫ਼ਿਆ? ਪਿਆਰ ਨੇ ਪਹਿਲਾਂ ਪਿਆਰ ਦੀ ਗੱਲ ਮੰਨੀ!

- ਨਰਾਜ਼ ਵਿਅਕਤੀ ਦੀ ਕਿਰਪਾ ਦੇ ਬਗ਼ੈਰ ਮਾਫ਼ੀ ਨਾਮੁਮਕਿਨ ਹੈ।
- ਕਸੂਰਵਾਰ ਦੇ ਤੌਬਾ ਕੀਤੇ ਬਗ਼ੈਰ ਮਾਫ਼ੀ ਨਾਮੁਮਕਿਨ ਹੈ।

ਮਾਫ਼ ਕਰਨ ਲਈ ਇੱਕੋ ਦੀ ਹੀ ਲੋੜ ਹੁੰਦੀ ਹੈ। ਮਿਲਾਏ ਜਾਣ ਲਈ ਦੋ ਦਾ ਹੋਣਾ ਜ਼ਰੂਰੀ ਹੈ। ਅਸੀਂ ਕਿਸੇ ਅਜਿਹੇ ਵਿਅਕਤੀ ਦੀ ਮਦਦ ਨਹੀਂ ਕਰ ਸਕਦੇ ਜੋ ਆਪਣੀ ਮਦਦ ਆਪ ਨਹੀਂ ਕਰਦਾ। ਮਾਫ਼ੀ ਇਕ ਗ਼ੈਰ ਕੁਦਰਤੀ ਕੰਮ ਹੈ। ਨਰਾਜ਼ ਵਿਅਕਤੀ ਕੀਮਤ ਦੇਣ ਲਈ ਤਿਆਰ ਨਹੀਂ ਹੈ ਜਦ ਕਿ ਕਸੂਰਵਾਰ ਤੌਬਾ ਨਹੀਂ ਕਰਨਾ ਚਾਹੁੰਦਾ। ਤਾਂ ਵੀ *ਦੋਹਾਂ* ਲਈ ਮਿਲਾਏ ਜਾਣਾ ਜ਼ਰੂਰੀ ਹੈ। ਜਦ ਤਕ ਮਾਫ਼ੀ ਮਿਲਾਏ ਜਾਣ ਵੱਲ ਨਹੀਂ ਲਿਜਾਂਦੀ ਤਦ ਤਕ ਮਾਫ਼ੀ ਕਿਸੇ ਕੰਮ ਦੀ ਨਹੀਂ ਹੈ।

ਮਾਫ਼ੀ ਮੰਜ਼ਿਲ ਨਹੀਂ ਹੈ (ਜਿਵੇਂ ਸਾਡਾ ਸਮਾਜ ਸੋਚਦਾ ਹੈ); ਬਲਕਿ ਮਾਫ਼ੀ ਤਾਂ ਜ਼ਰੀਆ ਹੈ ਅਤੇ ਮੰਜ਼ਿਲ ਮੇਲ ਹੈ। ਮਾਫ਼ੀ ਸਾਨੂੰ ਸ਼ਿਰਫ਼ ਜੁਰਮਾਨੇ ਤੋਂ ਹੀ ਨਹੀਂ ਛੁਡਾਉਂਦੀ, ਸਗੋਂ ਇਹ ਟੁੱਟਾ ਰਿਸ਼ਤਾ ਵੀ ਬਹਾਲ ਕਰਨ ਦੀ ਇਜਾਜ਼ਤ ਦਿੰਦੀ ਹੈ।

## ''ਮਾਫ਼ੀ'' ਦੇ ਨਿਯਮ

ਸ਼ੇਕਸਪੀਅਰ ਨੇ ਕਿਹਾ ਹੈ, ''ਹੋਣਾ, ਜਾਂ ਨਾ ਹੋਣਾ, ਇਹੀ ਸਵਾਲ ਹੈ।''[1] ਬਾਈਬਲ ਕਹਿੰਦੀ ਹੈ, ''ਮਾਫ਼ ਕਰਨਾ, ਜਾਂ ਮਾਫ਼ ਨਾ ਕਰਨਾ ਹੀ ਮੁੱਦਾ ਹੈ।'' ਮੇਰੇ ਲਈ ਮਾਫ਼ ਕਰਨਾ ਜ਼ਰੂਰੀ ਹੈ। ਮੈਨੂੰ ਮਾਫ਼ ਕੀਤਾ ਜਾਣਾ ਜ਼ਰੂਰੀ ਹੈ। ਇਹ ਜ਼ਿੰਦਗੀ ਦੇ ਅਹਿਮ ਮੁੱਦੇ ਹਨ। ਮਾਫ਼ੀ ਉਹ ਪੁਲ ਹੈ ਜਿਸ ਤੋਂ ਦੀ ਸਾਨੂੰ ਸਭ ਨੂੰ ਲੰਘਣਾ ਜ਼ਰੂਰੀ ਹੈ, ਜਦ ਅਸੀਂ ਮਾਫ਼ ਕਰਦੇ ਹਾਂ ਤਾਂ ਅਸੀਂ ਕੀ ਕਰ ਦੇ ਹਾਂ? ਮਾਫ਼ੀ ਕਬੂਲ ਕਰਨ ਲਈ ਅਸੀਂ ਕੀ ਕਰਦੇ ਹਾਂ? ਪੌਲੁਸ ਨੇ ਕਿਹਾ, ''ਤੁਸੀਂ ਇਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇਕ ਦੂਏ ਨੂੰ ਮਾਫ਼ ਕਰੋ ਜਿਵੇਂ ਪ੍ਰਮੇਸ਼ਵਰ ਨੇ ਵੀ ਮਸੀਹ ਵਿਚ ਤੁਹਾਨੂੰ ਮਾਫ਼ ਕੀਤਾ'' (ਅਫ਼ਸੀਆਂ 4:32)। ਮਾਫ਼ੀ ਦੀ

ਸ਼ੁਰੂਆਤ ਦਯਾ ਨਾਲ ਹੁੰਦੀ ਹੈ। ਪਹਿਲਾਂ ਦਿਆਲੂ ਬਣੋ! ਫ਼ਿਰ ਮਾਫ਼ੀ ਦੇ ਨਿਯਮ ਅਮਲ ਵਿਚ ਲਿਆਓ। ਉਹ ਨਿਯਮ ਕੀ ਹਨ?

*ਪਹਿਲਾ ਨਿਯਮ:* ਬਖ਼ਸ਼ੇ ਨਾ ਜਾਣ ਵਾਲੇ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਮੱਤੀ 6:12-15; ਮਰਕੁਸ 11:24-26; ਅਤੇ ਲੂਕਾ 11:4 ਵਿਚ ਯਿਸੂ ਦੀ ਦੁਆ ਪੜ੍ਹੋ (ਮੱਤੀ 18:35; ਲੂਕਾ 6:37; 2 ਕੁਰਿੰਥੀਆਂ 2:7 ਵੀ ਵੇਖੋ) ਸਿਰਫ਼ ਥਿਊਰੀ ਹੀ ਨਾ ਸਿੱਖੋ, ਅਮਲ ਵੀ ਸ਼ੁਰੂ ਕਰੋ। ਸਾਡਾ ਸਭ ਤੋਂ ਵੱਡਾ ਮਕਸਦ ਮਾਫ਼ ਕਰਨਾ ਸਿੱਖਣਾ ਹੋਣਾ ਚਾਹੀਦਾ ਹੈ। ਮਾਫ਼ ਕਰਨ ਵਿਚ ਮੋਹਰੀ ਬਣੋ।

*ਦੂਜਾ ਨਿਯਮ:* ਜੇ ਸੂਝ ਦੀ ਖ਼ਾਤਿਰ ਵੀ ਹੋਵੇ ਤਾਂ ਨਰਾਜ਼ ਵਿਅਕਤੀ ਨੂੰ ਮਾਫ਼ ਕਰਨਾ ਚਾਹੀਦਾ ਜ਼ਰੂਰੀ ਹੈ। ਬਿਨਾ ਮਾਫ਼ੀ ਦੇ ਆਦਮੀ ਰੁੱਖਾ, ਘਟੀਆ ਅਤੇ ਗਸੈਲ ਹੋ ਜਾਂਦਾ ਹੈ। ਭੂਤ ਨੂੰ ਭਵਿੱਖ ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਜੇ ਤੁਸੀਂ ਕਸੂਰਵਾਰ ਦੇ ਤੌਬਾ ਕਰਨਦੀ ਉਡੀਕ ਵਿਚ ਰਹੋਗੇ ਤਾਂ ਜਿੰਦਗੀ ਭਰ ਉਡੀਕ ਹੀ ਕਰਦੇ ਰਹੋਗੇ। ਇਕ ਵਾਰ ਜਦ ਤੁਸੀਂ ਦਿਲੋਂ ਮਾਫ਼ ਕਰ ਦਿੰਦੇ ਹੋ ਤਾਂ ਕਸੂਰ ਮੁੱਖ ਮੁੱਦਾ ਨਹੀਂ ਰਹਿ ਜਾਂਦਾ, ਕਸੂਰਵਾਰ ਤੌਬਾ ਕਰੇ ਤੇ ਭਾਵੇਂ ਨਾ ਕਰੇ।

*ਤੀਜਾ ਨਿਯਮ:* ਬਿਨਾਂ ਤੌਬਾ ਕਰਨ ਦੇ ਮਾਫ਼ੀ ਨਹੀਂ ਹੋ ਸਕਦੀ। ਕੁਰਸੀ ਅਤੇ ਪਲੇਟ ਉਜਾੜੂ ਪੁੱਤਰ ਦੀਆਂ ਹੀ ਸਨ ਭਾਵੇਂ ਉਹ ਦੂਜੇ ਦੇਸ਼ ਵਿਚ ਹੀ ਚਲਿਆ ਗਿਆ ਸੀ (ਲੂਕਾ 15), ਪਰ ਉਹਦੇ ਵਾਸਤੇ ਉਨ੍ਹਾਂ ਨੂੰ ਵਰਤਣ ਲਈ ਤੌਬਾ ਕਰਕੇ ਘਰ ਪਰਤਣਾ ਜ਼ਰੂਰੀ ਸੀ (ਲੂਕਾ 15:11-24)। ਦੂਰ ਦੇਸ਼ ਵਿਚ ਰਹਿੰਦਿਆਂ ਅਤੇ ਪਾਪ ਕਰਦਿਆਂ ਰਹਿਣ ਤੇ ਤੁਹਾਨੂੰ ਮਾਫ਼ੀ ਨਹੀਂ ਮਿਲ ਸਕਦੀ ਸੀ। ਮਾਫ਼ੀ ਤਾਂ ਸੀ, ਪਰ ਬਿਨਾ ਕਮਾਏ, ਪਰ ਫਿਰ ਵੀ ਇਹ ਖ਼ੁਦਾ ਦੀ ਮਾਫ਼ੀ ਦੀ ਸ਼ਰਤ ਨਾਲ ਸੀ। ਪਿਤਾ ਉਜਾੜੂ ਪੁੱਤਰ ਨੂੰ ਵਾਪਸ ਆਉਣ ਲਈ ਮਜਬੂਰ ਨਹੀਂ ਕਰ ਸਕਿਆ। ਖ਼ੁਦਾ ਸਾਨੂੰ ਬਚਾ ਨਹੀਂ ਸਕਦਾ ਜਦ ਤਕ ਅਸੀਂ ਉਹਨੂੰ ਅਜਿਹਾ ਕਰਨ ਨਾ ਦਈਏ।

ਬੇਕਸੂਰਾਂ ਨੂੰ ਮਾਫ਼ੀ ਦੀ ਲੋੜ ਨਹੀਂ ਹੈ, ਪਰ ਉਨ੍ਹਾਂ ਨੂੰ ਬਚਾਅ ਅਤੇ ਸਹੀ ਸਿੱਧ ਕੀਤੇ ਜਾਣਾ ਜ਼ਰੂਰੀ ਹੈ। ਪਾਪੀ ਲੋਕ ਬੇਕਸੂਰ ਨਹੀਂ ਹਨ। ਸਾਨੂੰ ਆਪਣੇ ਪਾਪ ਦੀ ਪੂਰੀ ਜ਼ਿੰਮੇਵਾਰੀ ਕਬੂਲ ਕਰਨੀ ਪਵੇਗੀ ਕਿ ''ਮੈਂ ਇਹ ਕੀਤੀ ਹੈ।'' ਪੜ੍ਹੋ ਜ਼ਬੂਰ 51. ਫਿਰ ਸਾਨੂੰ ਤੌਬਾ ਕਰਨੀ (ਬਦਲਣਾ) ਪਵੇਗੀ। ਕੋਈ ਆਖ ਸਕਦਾ ਹੈ, ''ਇਹਦੇ ਨਾਲ ਕੋਈ ਫ਼ਰਕ ਨਹੀਂ ਹੈ।'' ਪਾਪ, ਅਪਰਾਧ ਅਤੇ ਗੁਮਰਾਹੀ ਨਾਲ ਫ਼ਰਕ ਤਾਂ ਪੈਂਦਾ ਹੈ। ਪਾਪੀ ਲੋਕ ਹੁਕਮ ਦੀ ਉਲੰਘਣਾ ਕਰਨ ਵਾਲੇ ਹੀ ਹਨ।

ਪਾਪ ਨਾਲ ਨਜਿੱਠਿਆ ਜਾਣਾ ਜ਼ਰੂਰੀ ਹੈ। ਪਤਰਸ ਦੀ ਗੱਲ ਯਾਦ ਹੈ? ਉਹ ਸੱਤ ਵਾਰ ਮਾਫ਼ ਕਰਨ ਨੂੰ ਤਿਆਰ ਸੀ (ਮੱਤੀ 18:21-35)। ਯਿਸੂ ਨੇ ਉਹਨੂੰ ਸੱਤਰ ਗੁਣਾ ਵਧਾ ਦਿੱਤਾ! ਲੂਕਾ 17:3, 4 ਵਿਚ ਉਹਨੇ ''ਸੱਤ'' ਦੇ ਅੰਕ ਦੀ ਵਰਤੋਂ ਕੀਤੀ। ਪਤਰਸ ਸੁਣ ਰਿਹਾ ਸੀ ਪਰ ਉਹ ਸੋਚ, ਸਿੱਖ ਜਾਂ ਅਮਲ ਕਰਨਾ ਸ਼ੁਰੂ ਨਹੀਂ ਕਰ ਰਿਹਾ ਸੀ। ਮਾਫ਼ ਕਰਨ ਲਈ ਕੋਈ ਵੀ ਗੱਲ ਵੱਡੀ ਛੋਟੀ ਨਹੀਂ (ਮੱਤੀ 18:21-35)। ਇਹਦੇ ਨਾਲ ਹੀ, ਮਾਫ਼ੀ ਪਾਪ ਕਰਨ ਦਾ ਲਾਈਸੈਂਸ ਨਹੀਂ ਹੈ (ਗਲਾਤੀਆਂ 6:7)।

ਮਿਲਾਪ ਮਾਫ਼ੀ ਨਾਲੋਂ ਵੱਧ ਹੈ। ਮੁਕਤੀ ਨੂੰ ਮਾਫ਼ੀ ਤਕ ਸੀਮਿਤ ਕਰਨਾ ਇਹਦੀ ਭਰਪੂਰੀ ਨੂੰ ਲੁੱਟਣਾ ਹੈ। ਤੌਬਾ ਨਿਰ੍ਹੀ ਪਾਪ ਤੋਂ ਮੁੜਨਾ ਹੀ ਨਹੀਂ ਹੈ ਇਹਦੇ ਲਈ ਖ਼ੁਦਾ ਦੇ ਵੱਲ ਮੁੜਨਾ

ਵੀ ਜ਼ਰੂਰੀ ਹੈ। ਖ਼ੁਦਾ ਨੂੰ ਪੁੱਤਰਾਂ ਦੀ ਲੋੜ ਹੈ, ਗੁਲਾਮਾਂ ਦੀ ਨਹੀਂ (ਲੂਕਾ 15)। ਪਾਪੀ ਲੋਕ ਆਪਣਾ ਮਿਲਾਪ ਕਦੇ ਨਹੀਂ ਪਾ ਸਕਦੇ, ਪਰ ਖ਼ੁਦਾ ਦੇ ਵੱਲੋਂ ਇਹਦੀ ਪੇਸ਼ਕਸ਼ ਕਰਨ ਤੇ ਇਹਨੂੰ ਠੁਕਰਾ ਜ਼ਰੂਰ ਸਕਦੇ ਹਨ। ਮਸ਼ਹੂਰ ਵਤੀਰਾ ਹੈ ਕਿ, ''ਮੈਂ ਤੁਹਾਡਾ ਨਿਆਂ ਕਰਨ ਨਹੀਂ ਆਇਆ'' ਦੁਹਰਾਇਆ ਜਾਣਾ ਜ਼ਰੂਰੀ ਹੈ। ਤੌਬਾ ਪਾਪ ਦਾ ਨਿਆਂ ਵੀ ਸ਼ਾਮਿਲ ਹੈ। ਜਦ ਤਕ ਅਸੀਂ ਪਾਪ ਨੂੰ ਉਵੇਂ ਨਹੀਂ ਵੇਖਦੇ ਜਿਵੇਂ ਖ਼ੁਦਾ ਵੇਖਦਾ ਹੈ। ਤਦ ਤਕ ਅਸੀਂ ਨਿਆਂ, ਤੌਬਾ ਅਤੇ ਮਾਫ਼ੀ ਵਿਚ ਸ਼ਾਮਿਲ ਨਹੀਂ ਹੋਵਾਂਗੇ ਤੌਬਾ ਕਦੇ ਵੀ ਛੇਤੀ ਨਹੀਂ ਹੋ ਸਕਦੀ, ਪਰ ਨਾ ਕਰਨ ਤੇ ਬਹੁਤ ਦੇਰ ਹੋ ਸਕਦੀ ਹੈ।

*ਚੌਥਾ ਨਿਯਮ:* ਮਾਫ਼ੀ ਨਾਲ ਤਕਲੀਫ਼ ਰਹਿਤ ਭਵਿੱਖ ਵਾਅਦਾ ਨਹੀਂ ਮਿਲਦਾ। ਮਾਫ਼ ਕੀਤੇ ਪਾਪ ਦੇ ਨਤੀਜੇ ਹਨ ਅਤੇ ਭੁੱਲ ਜਾਣ ਨੂੰ ਮਾਫ਼ੀ ਨਹੀਂ ਕਿਹਾ ਜਾ ਸਕਦਾ। ਖ਼ੁਦਾ ਸਾਡੇ ਪਾਪ ਬਿਲਕੁਲ ਯਾਦ ਨਹੀਂ ਕਰਦਾ (ਯਿਰਮਿਯਾਹ 31:34; ਇਬਰਾਨੀਆਂ 8:12; 10:17)। ਪਰ ਇਹ ''ਰੂਹਾਨੀ ਯਾਦਦਸ਼ਤ ਖਤਮ ਹੋਣਾ'' ਨਹੀਂ ਹੈ। ਪਾਪ ਦੇ ਨਤੀਜੇ ਹਨ। ਦਾਊਦ ਦਾ ਪੁੱਤਰ ਮਰ ਗਿਆ, ਮਾਫ਼ ਕੀਤੇ ਗਏ ਇਸਰਾਏਲੀਆਂ ਨੂੰ ਸਜ਼ਾ ਮਿਲੀ। ਯਰੂਸ਼ਲਮ (70ਈ. ਵਿਚ) ਨੂੰ ''ਭਾਂਡਿਆਂ ਵਾਂਗ ਮਾਂਜ ਦਿੱਤਾ ਗਿਆ।'' ਪਾਪੀਆਂ ਦੇ ਲਈ ਅਜੇ ਵੀ ਬਿਪਤਾ ਹੈ। ਦਾਊਦ ਨੇ ਲਿਖਿਆ, ''ਮੇਰਾ ਪਾਪ ਸਦਾ ਮੇਰੇ ਸਾਹਮਣੇ ਹੈ'' (ਜ਼ਬੂਰ 51:3)।

ਮਾਫ਼ੀ ਹੈ ਦਾਨ ਤਾਂ ਦਾਨ, ਪਰ ਧਰਤੀ ਤੇ ਸਭ ਤੋਂ ਮਹਿੰਗਾ ਹੈ (ਰੋਮੀਆਂ 5:10)। ਮਾਫ਼ੀ ਵਰਗੇ ਤੋਹਫ਼ੇ ਬੜੀ ਨਿਮਰਤਾ ਅਤੇ ਵੱਡੇ ਆਨੰਦ ਨਾਲ ਕਬੂਲ ਕੀਤੇ ਜਾਣੇ ਚਾਹੀਦੇ ਹਨ। ਆਪਣੀ ਮਾਫ਼ੀ ਨੂੰ ਕਬੂਲ ਕਰਕੇ ਹੀ ਅਸੀਂ ਉਵੇਂ ਪਿਆਰ ਕਰਦੇ ਹਾਂ ਜਿਵੇਂ ਅਸੀਂ ਕਰ ਸਕਦੇ ਹਾਂ ਅਤੇ ਜਿਵੇਂ ਸਾਨੂੰ ਕਰਨਾ ਚਾਹੀਦਾ ਹੈ (ਲੂਕਾ 7:36-50)। ਮਾਫ਼ ਕਰਨ ਤੋਂ ਭਾਵ ਭੁੱਲ ਜਾਣਾ ਨਹੀਂ ਬਲਕਿ ਨਵੇਂ ਸਿਰੇ ਤੋਂ ਸ਼ੁਰੂਆਤ ਕਰਨਾ ਹੈ।

*ਸਲੀਬ ...*
*ਹੋਰ ਰਾਹ ਹੀ ਨਹੀਂ!*

---

ਟਿੱਪਣੀ

[1]ਵਿਲੀਅਮ ਸ਼ੇਕਸਪੀਅਰ *ਹੈਮਲੇਟ* 3.1.56.